



ਰੋਜ਼ਾਨਾ ਸੱਚ ਤੇ ਨਿਡਰ ਆਵਾਜ

# ਲੋਕ ਬਾਣੀ

Email : Lokbani08@gmail.com

15 ਮਾਰਚ 2023

ਮੁੱਖ ਸੰਪਾਦਕ : - ਅਮਨ ਮਹਿਰਾ (ਜਲੰਧਰ)

R.N.I. /Punpun/29016/2008/ • ਸਾਲ : 15 • ਅੰਕ : 72 • ਮੁੱਲ : 5.00 ਰੁਪਏ • ਕੁੱਲ ਪੇਜ : 10 • ਫੈਕਸ: 0181-2211009, 99155-94111



ਰੋਜ਼ਾਨਾ ਲੋਕ ਬਾਣੀ

ਅਖ਼ਬਾਰ ਵੱਲੋਂ ਨਸ਼ਿਆਂ ਖਿਲਾਫ਼ ਛੇੜੀ ਗਈ ਮੁਹਿੰਮ ਜੇਕਰ ਤੁਹਾਡੇ ਮੁਹੱਲੇ, ਪਿੰਡ, ਕਸਬੇ ਜਾਂ ਨੇੜੇ ਕੋਈ ਨਸ਼ਾ ਵੇਚ ਰਿਹਾ ਹੈ ਜਾਂ ਸਮੱਗਲਰ ਹੈ ਤਾਂ ਸਾਡੇ ਨਾਲ ਸੰਪਰਕ ਕਰੋ ਤਾਂ ਜੋ ਅਸੀ ਪ੍ਰਸ਼ਾਸਨ ਤੱਕ ਉਨ੍ਹਾਂ ਦੇ ਕਾਲੇ ਕਾਰਨਾਮੇ ਦੱਸ ਕੇ ਜੇਲ੍ਹ ਭੇਜ ਸਕੀਏ। ਜਾਣਕਾਰੀ ਦੇਣ ਵਾਲੇ ਦਾ ਨਾਮ ਗੁਪਤ ਰੱਖਿਆ ਜਾਵੇਗਾ। ਤੁਸੀਂ ਸਾਨੂੰ ਫੋਨ ਜਾਂ ਸੁਨੇਹਾ ਭੇਜ ਸਕਦੇ ਹੋ।

ਸੰਪਰਕ ਕਰੋ : 0181-2211009
99155-94111


## ਲੁਧਿਆਣਾ ਫੈਕਟਰੀ 'ਚ ਅੱਗ ਲੱਗਣ ਨਾਲ 3 ਦੀ ਹੋਈ ਮੌਤ

**ਲੁਧਿਆਣਾ/ਸੁਖਚੈਨ ਮਹਿਰਾ**
ਰਾਮ ਨਗਰ 'ਚ ਅੱਜ ਦੁਪਹਿਰ ਸਮੇਂ ਗਣੇਸ਼ ਹੌਜ਼ਰੀ 'ਚ ਅੱਗ ਲੱਗਣ ਕਾਰਨ ਤਿੰਨ ਕਾਮਿਆਂ ਦੀ ਮੌਤ ਹੋ ਗਈ ਹੈ। ਅੱਗ ਲੱਗਣ ਕਾਰਨ ਲੱਖਾਂ ਦਾ ਸਮਾਨ ਵੀ ਸੜ ਕੇ ਸੁਆਹ ਹੋ ਗਿਆ। ਇਸ ਦੌਰਾਨ ਪੰਜ ਕਾਮੇ ਹੌਜ਼ਰੀ 'ਚ ਫ਼ਸ ਗਏ ਸਨ, ਜਿਨ੍ਹਾਂ ਨੂੰ ਫ਼ਾਇਰ ਬਿ ?ਰਗੇਡ ਅਤੇ ਪੁਲਿਸ ਦੀ ਮਦਦ ਨਾਲ ਬਾਹਰ ਕੱਢਿਆ ਗਿਆ। ਇਨ੍ਹਾਂ 'ਚੋਂ ਇਕ ਵਰਕਰ ਦੀ ਅੱਗ ਲੱਗਣ ਕਾਰਨ ਅਤੇ ਦੋ ਦੀ ਸਾਹ ਘੁੱਟਣ ਨਾਲ ਮੌਤ ਹੋ ਗਈ। ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਚੀਨ ਦੀ ਹੁਣ ਖੈਰ ਨਹੀਂ



**ਵਾਸ਼ਿੰਗਟਨ/ਲੋਕ ਬਾਣੀ**
ਅਮਰੀਕਾ, ਆਸਟਰੇਲੀਆ ਅਤੇ ਬਰਤਾਨੀਆ ਨੇ ਪਰਮਾਣੂ ਸ਼ਕਤੀ ਨਾਲ ਚੱਲਣ ਵਾਲੀ ਪਣਡੁੱਬੀ ਸਮਝੌਤੇ ਦਾ ਐਲਾਨ ਕੀਤਾ ਹੈ, ਜਿਸ ਦਾ ਉਦੇਸ਼ ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਦੇ ਹਮਲਾਵਰ ਰਵੱਈਏ ਦਾ ਮੁਕਾਬਲਾ ਕਰਨਾ ਹੈ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ, ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਅਤੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਅਮਰੀਕਾ ਦੇ ਸਾਂ ਡਿਏਗੋ ਵਿੱਚ ਇਹ ਐਲਾਨ ਕੀਤਾ।

## ਕਿਸਾਨਾਂ ਨੇ ਕੱਢਿਆ ਮੁੰਬਈ ਵਿਚ ਰੋਸ਼ ਮਾਰਚ



**ਮਹਾਰਾਸ਼ਟਰ/ਲੋਕ ਬਾਣੀ**
ਅੱਜ ਇੱਥੇ ਹਜ਼ਾਰਾਂ ਦੀ ਗਿਣਤੀ 'ਚ ਕਿਸਾਨਾਂ ਨੇ ਆਪਣੀਆਂ ਵੱਖ-ਵੱਖ ਸਮੱਸਿਆਵਾਂ ਵੱਲ ਸਰਕਾਰ ਦਾ ਧਿਆਨ ਖਿੱਚਣ ਲਈ ਰੋਸ ਮਾਰਚ ਕੱਢਿਆ। ਕਿਸਾਨਾਂ ਵਲੋਂ ਇਹ ਮਾਰਚ ਨਾਸਿਕ ਤੋਂ ਮੁੰਬਈ ਤੱਕ ਕੀਤਾ ਗਿਆ।

## ਅੱਜ ਹੋਵੇਗੀ ਕੋਟਕਪੂਰਾ ਗੋਲੀਕਾਂਡ ਅਗਾਊ ਜਮਾਨਤ ਅਰਜੀ 'ਤੇ ਸੁਣਵਾਈ

**ਜਲੰਧਰ/ਹਰਬੰਸ ਬਿੱਟੂ**
ਕੋਟਕਪੂਰਾ ਗੋਲੀ ਕਾਂਡ 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਜ਼ਿਲ੍ਹਾ ਪੁਲਿਸ ਮੁਖੀ ਸੁਖਮੰਦਰ ਸਿੰਘ ਮਾਨ ਵਲੋਂ ਲਾਈ ਗਈ ਅਗਾਊਂ ਜ਼ਮਾਨਤ ਲਈ ਅਰਜ਼ੀਆਂ 'ਤੇ ਅੱਜ ਵਧੀਕ ਸ਼ੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ 'ਚ ਬਹਿਸ ਹੋਈ। ਬਹਿਸ ਸੁਣਨ ਤੋਂ ਬਾਅਦ ਅਦਾਲਤ ਵਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ 15 ਮਾਰਚ 'ਤੇ ਰੱਖੀ ਗਈ ਹੈ।

## ਪਾਕਿਸਤਾਨ ਦੀ ਪੁਲਿਸ ਪਹੁੰਚੀ ਇਮਰਾਨ ਖਾਨ ਨੂੰ ਗ੍ਰਿਫਤਾਰ ਕਰਨ



**ਇਸਲਾਮਾਬਾਦ/ਲੋਕ ਬਾਣੀ**
ਡਾਨ ਨਿਊਜ਼ ਅਨੁਸਾਰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀ.ਟੀ.ਆਈ.) ਦੇ ਪ੍ਰਧਾਨ ਇਮਰਾਨ ਖ਼ਾਨ ਦੇ ਲਾਹੌਰ ਸਥਿਤ ਘਰ ਦੇ ਬਾਹਰ ਬਖ਼ਤਰਬੰਦ ਪੁਲਿਸ ਦੀਆਂ ਗੱਡੀਆਂ ਪਹੁੰਚ ਗਈਆਂ ਹਨ। ਇਸਲਾਮਾਬਾਦ ਦੇ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਪੁਲਿਸ ਇਮਰਾਨ ਖ਼ਾਨ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਹੈ। ਇਸ ਦੌਰਾਨ ਵੱਡੀ ਗਿਣਤੀ ਵਿਚ ਪੀ.ਟੀ.ਆਈ. ਵਰਕਰ ਇਮਰਾਨ ਖ਼ਾਨ ਦੇ ਘਰ ਦੇ ਬਾਹਰ ਮੌਜੂਦ ਹਨ।

## ਇਕ ਹੋਰ ਨੌਜਵਾਨ ਦੀ ਨਸ਼ੇ ਕਾਰਨ ਹੋਈ ਮੌਤ

**ਜੋਗਾ/ਲੋਕ ਬਾਣੀ**
ਜ਼ਿਲ੍ਹਾ ਮਾਨਸਾ ਦੇ ਕਸਬਾ ਜੋਗਾ 'ਚ ਇਕ ਨੌਜਵਾਨ ਦੀ ਚਿੱਟੇ ਦੀ ਵੱਧ ਮਾਤਰਾ ਲੈਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਨੌਜਵਾਨ ਰਵੀ ਕੁਮਾਰ (35) ਪੁੱਤਰ ਪ੍ਰੇਮ ਕੁਮਾਰ ਸੰਧੂ ਪੱਤੀ, ਜੋ ਕਿ ਬਾਡੀ ਬਿਲਡਰ ਸੀ ਅਤੇ ਉਸ ਨੇ ਇਕ ਵਾਰ ਮਿਸਟਰ ਬਰਨਾਲਾ ਅਤੇ ਇਕ ਵਾਰ ਮਿਸਟਰ ਪਟਿਆਲਾ ਦਾ ਖ਼ਿਤਾਬ ਵੀ ਜਿੱਤਿਆ ਸ, ਹੁਣ ਚਿੱਟੇ ਦਾ ਨਸ਼ਾ ਕਰਨ ਦਾ ਆਦੀ ਸੀ ਤੇ ਉਸ ਵਲੋਂ ਕਥਿਤ ਤੌਰ 'ਤੇ ਚਿੱਟੇ ਦੇ ਲਗਾਏ ਗਏ ਟੀਕੇ ਦੀ ਵੱਧ ਮਾਤਰਾ ਕਾਰਨ ਉਸ ਦੀ ਮੌਤ ਹੋ ਗਈ। ਪੁਲਿਸ ਨੇ ਘਟਨਾ ਸਥਾਨ 'ਤੇ ਪੁੱਜ ਕੇ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿਚ ਲੈਂਦਿਆਂ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਤੋਂ ਇਲਾਵਾ ਕਈ ਹਿੱਸਿਆਂ ਰਾਜਾਂ ਵਿੱਚ ਮੀਂਹ ਪੈਣ ਦੀ ਸੰਭਾਵਨਾ

**ਚੰਡੀਗੜ੍ਹ/ਵਿਨੋਦ ਸ਼ਰਮਾ**
ਆਉਣ ਵਾਲੇ ਕੁਝ ਦਿਨਾਂ ਵਿਚ ਭਾਰਤ ਦੇ ਕਈ ਹਿੱਸਿਆਂ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਭਾਰਤੀ ਮੌਸਮ ਵਿਭਾਗ (India Meteorological Department -IMD) ਮੁਤਾਬਕ 15 ਤੋਂ 17 ਮਾਰਚ ਤੱਕ ਦੱਖਣੀ ਭਾਰਤ, ਮੱਧ ਭਾਰਤ, ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਦੇ ਕਈ ਰਾਜਾਂ ਵਿਚ ਗਰਜ ਅਤੇ ਗੜੇਮਾਰੀ ਦੇ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਸੰਭਾਵਨਾ ਹੈ। ਆਈਐਮਡੀ ਦੇ ਅਨੁਸਾਰ ਹੇਠਲੇ ਟਰਪੋਸਫੇਅਰਿਕ ਪੱਧਰਾਂ ਵਿਚ ਇਕ ਚੱਕਰਵਾਤੀ ਸਰਕੂਲੇਸ਼ਨ (cyclonic circulation) ਦੱਖਣੀ ਅਸਾਮ ਅਤੇ ਇਸ ਦੇ ਨੇੜਲੇ ਇਲਾਕਿਆਂ ਵਿਚ ਬਣਿਆ ਹੋਇਆ ਹੈ। ਇਸ ਕਾਰਨ ਉਪ-ਹਿਮਾਲੀਅਨ ਪੱਛਮੀ ਬੰਗਾਲ, ਸਿੱਕਮ ਅਤੇ ਉੱਤਰ-ਪੂਰਬੀ ਭਾਰਤ ਵਿੱਚ 14 ਮਾਰਚ ਤੱਕ ਗਰਜ, ਬਿਜਲੀ ਅਤੇ ਤੇਜ਼ ਹਵਾਵਾਂ (30-40 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ) ਨਾਲ ਕਈ ਥਾਵਾਂ 'ਤੇ ਮੀਂਹ ਪੈਣ ਦੀ ਸੰਭਾਵਨਾ ਹੈ।

## ਮਹਾਰਾਸ਼ਟਰ 'ਚ ਬੋਰਵੈਲ ਵਿੱਚ ਡਿੱਗਿਆ 5 ਸਾਲਾਂ ਬੱਚਾ

**ਪੁਣੇ/ਲੋਕ ਬਾਣੀ**
ਮਹਾਰਾਸ਼ਟਰ ਦੇ ਅਹਿਮਦਨਗਰ ਜ਼ਿਲ੍ਹੇ ਦੇ ਇਕ ਪਿੰਡ ਵਿਚ 5 ਸਾਲ ਦਾ ਇਕ ਬੱਚਾ ਬੋਰਵੈੱਲ 'ਚ ਡਿੱਗ ਗਿਆ ਤੇ ਉਸ ਨੂੰ ਕੱਢਣ ਲਈ ਕੋਸ਼ਿਸ਼ਾਂ ਜਾਰੀ ਹਨ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਸਥਾਨਕ ਪੁਲਸ ਤੇ ਜ਼ਿਲ੍ਹੇ ਪ੍ਰਸ਼ਾਸਨ ਦੇ ਮੁਲਾਜ਼ਮਾਂ ਦੇ ਨਾਲ NDRF ਦੀ ਇਕ ਟੀਮ ਪੁਣੇ ਸ਼ਹਿਰ ਤੋਂ ਤਕਰੀਬਨ 125 ਕਿੱਲੋਮੀਟਰ ਦੂਰ ਕਰਜਤ ਤਹਿਸੀਲ ਦੇ ਅਧੀਨ ਪੈਂਦੇ ਕੋਪਰਡੀ ਪਿੰਡ ਵਿਚ ਬੋਰਵੈੱਲ ਤੋਂ ਬੱਚੇ ਨੂੰ ਕੱਢਣ ਲਈ ਮੁਹਿੰਮ ਚਲਾ ਰਹੀ ਹੈ। NDRF ਦੇ ਅਧਿਕਾਰੀਆਂ ਮੁਤਾਬਕ, ਬੱਚਾ ਸ਼ਾਮ ਤਕਰੀਬਨ 4 ਵਜੇ ਬੋਰਵੈੱਲ 'ਚ ਡਿੱਗਿਆ। ਉਨ੍ਹਾਂ ਕਿਹਾ, ਮੁੰਡਾ 15 ਫੁੱਟ ਦੀ ਡੂੰਘਾਈ ਵਿਚ ਫਸਿਆ ਹੋਇਆ ਹੈ। ਬਚਾਅ ਕਾਰਜ ਜਾਰੀ ਹੈ ਤੇ ਘਟਨਾ ਦੀ ਜਗਾ 'ਤੇ ਇਕ ਐਂਬੂਲੈਂਸ ਤੇ ਹੋਰ ਮੈਡੀਕਲ ਸਹਾਇਤਾ ਤਿਆਰ ਰੱਖੀ ਗਈ ਹੈ।

## ਪੰਜਾਬ ਸਰਕਾਰ ਖਿਲਾਫ ਬਿਜਲੀ ਕਾਮਿਆਂ ਨੇ ਕੀਤਾ ਪ੍ਰਦਰਸ਼ਨ

**ਚੰਡੀਗੜ੍ਹ/ਵਿਨੋਦ ਸ਼ਰਮਾ**
ਬਿਜਲੀ ਮੁਲਾਜ਼ਮ ਏਕਤਾ ਮੰਚ ਪੀ.ਐਸ.ਪੀ.ਸੀ.ਐਲ.ਟਰਾਂਸਕੋ ਸੁਨਾਮ ਡਵੀਜ਼ਨ ਵਲੋਂ ਸੀ.ਆਰ.ਏ.295/19 ਤਹਿਤ ਸਹਾਇਕ ਲਾਇਨਮੈਨਾਂ 'ਤੇ ਦਰਜ ਕੀਤੇ ਗਏ ਝੂਠੇ ਕੇਸਾਂ ਦੇ ਵਿਰੋਧ ਵਿਚ ਸਥਾਨਕ 66 ਕੇ.ਵੀ.ਗਰਿੱਡ ਦੇ ਗੇਟ ਅੱਗੇ ਰੋਸ ਰੈਲੀ ਕਰ ਕੇ ਪੰਜਾਬ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਬਲਵਿੰਦਰ ਸਿੰਘ, ਜਗਦੇਵ ਸਿੰਘ ਬਾਹੀਆ, ਜਸਵੀਰ ਸਿੰਘ, ਸੁਖਵੰਤ ਸਿੰਘ, ਕ੍ਰਿਸ਼ਨ ਕਾਂਤ ਆਦਿ ਨੇ ਸਹਾਇਕ ਲਾਇਨਮੈਨਾਂ 'ਤੇ ਪਾਏ ਗਏ ਨਾਜਾਇਜ਼ ਕੇਸਾਂ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਹਾਇਕ ਲਾਇਨਮੈਨਾਂ ਦੇ ਭਰਤੀ ਹੋਣ ਸਮੇਂ ਸਾਰੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਸੀ, ਪਰ ਹੁਣ ਮੁੜ ਜਾਂਚ ਕਰਨ ਦੇ ਬਹਾਨੇ ਕਰੀਬ 500 ਵਰਕਰਾਂ 'ਤੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ 24 ਵਰਕਰਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ ਜਦੋਂ ਕਿ ਬਾਕੀਆਂ 'ਤੇ ਵੀ ਗਿਰਫ਼ਤਾਰੀ ਦੀ ਤਲਵਾਰ ਲਟਕ ਰਹੀ ਹੈ।

## ਦੇਸ਼ ਵਿੱਚ ਖੁਰਾਕੀ ਵਸਤਾਂ ਦੀਆਂ ਕੀਮਤਾਂ 'ਚ ਲਗਾਤਾਰ ਹੋ ਰਿਹਾ ਵਾਧਾ

**ਦਿੱਲੀ/ਕਪੂਰ**
ਦੇਸ਼ ਵਿੱਚ ਫਰਵਰੀ ਮਹੀਨੇ 'ਚ ਥੋਕ ਮਹਿੰਗਾਈ ਦਰ 3.85 ਫੀਸਦੀ ਦੇ ਦੋ ਸਾਲਾਂ ਦੇ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ ਜਦੋਂ ਕਿ ਖੁਰਾਕੀ ਵਸਤਾਂ ਦੀਆਂ ਕੀਮਤਾਂ ਨਹੀਂ ਘਟੀਆਂ ਹਨ। ਇਹ ਜਾਣਕਾਰੀ ਮੰਗਲਵਾਰ ਨੂੰ ਜਾਰੀ ਸਰਕਾਰੀ ਅੰਕੜਿਆਂ ਰਾਹੀਂ ਨਸ਼ਰ ਕੀਤੀ ਗਈ ਹੈ। ਮਹਿੰਗਾਈ ਦਰ ਵਿੱਚ ਗਿਰਾਵਟ ਮੁੱਖ ਤੌਰ 'ਤੇ ਨਿਰਮਿਤ ਵਸਤਾਂ, ਈਂਧਨ ਅਤੇ ਊਰਜਾ ਦੀਆਂ ਘੱਟ ਕੀਮਤਾਂ ਕਾਰਨ ਦਰਜ ਕੀਤੀ ਗਈ ਹੈ ਹਾਲਾਂਕਿ ਇਸ ਦੌਰਾਨ ਖੁਰਾਕੀ ਵਸਤਾਂ ਦੀ ਮਹਿੰਗਾਈ ਵਧੀ ਹੈ।


DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
CONTACT : 95010-00697, 97806-00998